College of Physicians and Surgeons of British Columbia
300–669 Howe Street
Vancouver BC V6C 0B4
**www.cpsbc.ca**
Telephone: 604-733-7758
Toll Free: 1-800-461-3008 (in BC)
Fax: 604-733-3503

# ਗੈਰਕਾਨੂੰਨੀ ਪ੍ਰੈਕਟਿਸ

## ਇਹ ਪੱਕਾ ਕਰੋ ਕਿ ਤੁਹਾਡਾ ਸਿਹਤ ਮਾਹਰ ਨਿਯਮਾਂ ਅਧੀਨ, ਲਾਇਸੰਸ ਵਾਲਾ ਅਤੇ ਜਵਾਬਦੇਹ ਹੈ

ਕਾਲਜ ਦੇ ਲੋਕਾਂ ਦੀ ਰੱਖਿਆ ਲਈ ਅਧਿਕਾਰ ਵਿਚ ਇਹ ਪੱਕਾ ਕਰਨਾ ਸ਼ਾਮਲ ਹੈ ਕਿ ਜਿਹੜੇ ਲੋਕ ਕਾਲਜ ਨਾਲ ਰਜਿਸਟਰ ਜਾਂ ਲਾਇਸੰਸਸ਼ੁਦਾ ਨਹੀਂ ਹਨ, ਉਹ ਕੋਈ ਵੀ ਅਜਿਹੀ ਸਰਵਿਸ ਨਾ ਦੇਣ ਜਾਂ ਇਲਾਜ ਨਾ ਕਰਨ ਜਿਸ ਨੂੰ "ਦਵਾਈ ਦੀ ਪ੍ਰੈਕਟਿਸ" ਸਮਝਿਆ ਜਾਂਦਾ ਹੈ। *ਹੈਲਥ ਪ੍ਰੋਫੈਸ਼ਨਜ਼ ਐਕਟ* ਅਧੀਨ ਦਵਾਈ ਦੀ ਪ੍ਰੈਕਟਿਸ ਇਕ ਨਿਸ਼ਚਤ ਕੀਤਾ ਗਿਆ ਸਿਹਤ ਕਿੱਤਾ ਹੈ। ਸਿਰਫ ਲਾਇਸੰਸਸ਼ੁਦਾ ਅਤੇ ਕਾਲਜ ਨਾਲ ਰਜਿਸਟਰ ਡਾਕਟਰ ਅਤੇ ਸਰਜਨਾਂ ਨੂੰ ਹੀ (ਜਿਨ੍ਹਾਂ ਨੂੰ ਕਾਲਜ ਰਜਿਸਟਰੈਂਟਸ ਦੇ ਤੌਰ 'ਤੇ ਜਾਣਿਆ ਜਾਂਦਾ ਹੈ) ਬੀ ਸੀ ਵਿਚ ਮੈਡੀਸੀਨ ਦੀ ਪ੍ਰੈਕਟਿਸ ਕਰਨ ਦਾ ਅਧਿਕਾਰ ਹੈ।

ਜਿਹੜੇ ਵਿਅਕਤੀ ਕਾਲਜ ਨਾਲ ਰਜਿਸਟਰ ਹੋਣ ਦਾ ਦਾਅਵਾ ਕਰਦੇ ਹਨ, ਅਤੇ/ਜਾਂ ਜਿਹੜੇ ਕਾਲਜ ਨਾਲ ਲਾਇਸੰਸਸ਼ੁਦਾ ਅਤੇ ਰਜਿਸਟਰ ਹੋਣ ਤੋਂ ਬਿਨਾਂ ਮੈਡੀਕਲ ਸੇਵਾਵਾਂ ਦਿੰਦੇ ਹਨ, ਉਹ ਗੈਰਕਾਨੂੰਨੀ ਪ੍ਰੈਕਟਿਸ ਕਰ ਰਹੇ ਹਨ।

### ਕਿਸੇ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਨੂੰ ਦੇਖਣ ਦੇ ਖਤਰੇ

ਜਿਹੜੇ ਵਿਅਕਤੀ ਕਾਲਜ ਨਾਲ ਰਜਿਸਟਰ ਅਤੇ ਲਾਇਸੰਸਸ਼ੁਦਾ ਨਹੀਂ ਹਨ, ਉਨ੍ਹਾਂ ਕੋਲ ਬ੍ਰਿਟਿਸ਼ ਕੋਲੰਬੀਆ ਵਿਚ ਮੈਡੀਸਨ ਦੀ ਪ੍ਰੈਕਟਿਸ ਕਰਨ ਦੇ ਲੋੜੀਂਦੇ ਹੁਨਰ, ਗਿਆਨ ਜਾਂ ਯੋਗਤਾਵਾਂ ਨਹੀਂ ਹਨ। ਇਹ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਨਿਯਮਾਂ ਅਧੀਨ ਨਹੀਂ ਹਨ ਅਤੇ ਇਸ ਕਰਕੇ ਇਨ੍ਹਾਂ 'ਤੇ ਉਹੀ ਸਖਤ ਮਿਆਰ ਲਾਗੂ ਨਹੀਂ ਹੁੰਦੇ ਜਿਹੜੇ ਕਾਲਜ ਨਾਲ ਰਜਿਸਟਰ ਡਾਕਟਰਾਂ 'ਤੇ ਹੁੰਦੇ ਹਨ। ਮੈਡੀਸੀਨ ਦੀ ਗੈਰਕਾਨੂੰਨੀ ਪ੍ਰੈਕਟਿਸ ਵਿਚ ਲੱਗੇ ਹੋਏ ਵਿਅਕਤੀ ਇਹ ਕਰ ਸਕਦੇ ਹਨ:

- ਕਿਸੇ ਇਲਾਜ ਦੇ ਫਾਇਦਿਆਂ ਅਤੇ ਖਤਰਿਆਂ ਬਾਰੇ ਗਲਤ ਜਾਂ ਅਧੂਰੀ ਸਲਾਹ ਦੇ ਸਕਦੇ ਹਨ, ਜਿਸ ਦਾ ਮਤਲਬ ਹੈ ਕਿ ਗਾਹਕ ਜਾਣਕਾਰੀ ਲੈ ਕੇ ਸਹਿਮਤੀ ਦੇਣ ਦੇ ਅਯੋਗ ਹੈ
- ਰੋਗਾਣੂਆਂ ਅਤੇ ਇਨਫੈਕਸ਼ਨ ਦੇ ਕੰਟਰਲ ਲਈ ਢੁਕਵੇਂ ਤਰੀਕਿਆਂ ਦੀ ਵਰਤੋਂ ਨਹੀਂ ਕਰ ਸਕਦੇ ਹਨ, ਜਿਸ ਨਾਲ ਉਹ ਆਪਣੇ ਗਾਹਕਾਂ ਲਈ ਇਨਫੈਕਸ਼ਨ ਅਤੇ ਖੂਨ ਨਾਲ ਜੁੜੀਆਂ ਬੀਮਾਰੀਆਂ ਦਾ ਖਤਰਾ ਵਧਾ ਸਕਦੇ ਹਨ; ਉਨ੍ਹਾਂ ਵਲੋਂ ਵਰਤੇ ਜਾਂਦੇ ਤਰੀਕੇ ਚਮੜੀ ਦੇ ਟਿਸ਼ੂ ਨੂੰ ਨਸ਼ਟ ਕਰ ਸਕਦੇ ਹਨ ਜੋ ਕਿ ਆਮ ਤੌਰ 'ਤੇ ਮੈਡੀਕਲ ਇਲਾਜ ਦੀ ਲੋੜ ਵਾਲੀ ਸੰਭਵ ਬੀਮਾਰੀ ਦਾ ਪਤਾ ਲਾਉਣ ਲਈ ਲੈਬਾਰਟਰੀ ਨੂੰ ਭੇਜੇ ਜਾਣੇ ਸਨ।
- ਦਵਾਈਆਂ ਜਾਂ ਹੋਰ ਪਦਾਰਥਾਂ ਦੀ ਵਰਤੋਂ ਉਨ੍ਹਾਂ ਦੇ ਸਾਰੇ ਖ਼ਾਸੇ ਅਤੇ ਲੱਛਣਾਂ ਨੂੰ ਸਮਝੇ ਬਿਨਾਂ ਕਰ ਸਕਦੇ ਹਨ, ਜਾਂ ਦਵਾਈਆਂ ਜਾਂ ਹੋਰ ਪਦਾਰਥਾਂ ਦੀ ਵਰਤੋਂ ਗਲਤ ਮੰਤਵਾਂ ਲਈ ਕਰ ਸਕਦੇ ਹਨ, ਜਾਂ ਅਢੁਕਵੀਂ ਮਾਤਰਾ ਵਿਚ ਕਰ ਸਕਦੇ ਹਨ, ਜੋ ਕਿ ਸਾਰਾ ਕੁਝ ਗਾਹਕਾਂ ਨੂੰ ਗੰਭੀਰ ਨੁਕਸਾਨ ਜਾਂ ਮੌਤ ਹੋਣ ਦੇ ਖਤਰੇ ਵਿਚ ਪਾਉਂਦਾ ਹੈ।

ਲਾਇਸੰਸ-ਰਹਿਤ ਪ੍ਰੈਕਟੀਸ਼ਨਰਾਂ ਦੀ ਇਨਸ਼ੋਰੈਂਸ ਵੀ ਨਹੀਂ ਹੁੰਦੀ। ਇਸ ਤਰ੍ਹਾਂ, ਗਾਹਕਾਂ ਨੂੰ ਉਨ੍ਹਾਂ ਕੇਸਾਂ ਵਿਚ ਕੋਈ ਹੀਲਾ ਕਰਨ ਵਿਚ ਮੁਸ਼ਕਲ ਆਵੇਗੀ ਜਿੱਥੇ ਅਜਿਹੇ ਪ੍ਰੈਕਟੀਸ਼ਨਰ ਅਣਗਹਿਲੀ ਕਾਰਨ ਕਿਸੇ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਗਾਹਕਾਂ ਨੂੰ ਸੱਟਾਂ, ਮੈਡੀਕਲ ਬਿੱਲਾਂ ਜਾਂ ਤਨਖਾਹਾਂ ਦੇ ਨੁਕਸਾਨ ਲਈ ਬਿਨ੍ਹਾਂ ਕਿਸੇ ਮੁਆਵਜ਼ੇ ਦੇ ਰਹਿਣਾ ਪੈ ਸਕਦਾ ਹੈ।

## ਆਮ ਦਰਪੇਸ਼ ਆਉਂਦੀ ਗੈਰਕਾਨੂੰਨੀ ਪ੍ਰੈਕਟਿਸ ਦੀਆਂ ਕਿਸਮਾਂ

ਇਹ ਸੇਵਾਵਾਂ ਉਨ੍ਹਾਂ ਵਿਅਕਤੀਆਂ ਵਲੋਂ ਨਹੀਂ ਦਿੱਤੀਆਂ ਜਾ ਸਕਦੀਆਂ ਜਿਹੜੇ ਕਾਲਜ ਨਾਲ ਰਜਿਸਟਰ ਨਹੀਂ ਹਨ ਜਾਂ ਲਾਇਸੰਸਸ਼ੁਦਾ ਨਹੀਂ ਹਨ, ਭਾਵੇਂ ਇਹ ਬਿਨਾਂ ਕਿਸੇ ਪੇਮੈਂਟ ਦੀ ਉਮੀਦ ਦੇ ਦਿੱਤੀਆਂ ਜਾਂਦੀਆਂ ਹਨ:

- ਛੋਟੇ ਅਪਰੇਸ਼ਨ ਜਾਂ ਚਮੜੀ ’ਤੇ ਸ਼ਿੰਗਾਰ ਦੇ ਅਪਰੇਸ਼ਨ
- ਕਾਲੇ ਦਾਗ ਲਾਹੁਣਾ
- ਕੇਲੇਸ਼ਨ ਥੈਰੇਪੀ
- ਬੌਚੂਲਾਈਨਮ ਟੌਕਿਸਨ ਏ (ਬੋਟੌਕਸ)
- ਹਾਇਲੋਰੌਨਿਕ ਐਸਿਡ ਦਾ ਟੀਕਾ (ਡਰਮਲ ਫਿਲਰਜ਼)
- ਮਾਸ ਸੁਲਾਉਣ ਦਾ ਟੀਕਾ ਜਾਂ ਫਾਰਮੇਸੀਆਂ ਵਲੋਂ ਦਿੱਤੇ ਗਏ ਹੋਰ ਪਦਾਰਥਾਂ ਦਾ ਟੀਕਾ
- ਲਾਇਸੰਸ-ਰਹਿਤ ਵਿਅਕਤੀਆਂ ਵਲੋਂ ਦੇਖਣ ਦੀਆਂ ਸੇਵਾਵਾਂ, ਜਿਵੇਂ ਕਿ ਐੱਮ ਆਰ ਆਈ, ਅਲਟਰਾਸਾਊਂਡ ਅਤੇ ਐਕਸਰੇ

## ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਤੋਂ ਲੋਕਾਂ ਦੀ ਰੱਖਿਆ ਕਰਨ ਲਈ ਕਾਲਜ ਕੀ ਕਰ ਸਕਦਾ ਹੈ

ਬੰਦ ਕਰੋ ਅਤੇ ਬਾਜ਼ ਆਉ

- ਕਾਲਜ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਨਾਲ ਅਸਰਦਾਰ ਤਰੀਕੇ ਨਾਲ ਗੱਲ ਕਰ ਸਕਦਾ ਹੈ ਅਤੇ ਅਜਿਹਾ ਇਕ ਚਿੱਠੀ ਦੇ ਕੇ ਕੀਤਾ ਜਾਂਦਾ ਹੈ ਜਿਸ ਵਿਚ ਕਾਲਜ ਦੇ ਸਰਕਾਰੀ ਅਧਿਕਾਰ ਬਾਰੇ ਦੱਸਿਆ ਜਾਂਦਾ ਹੈ ਅਤੇ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਇਹ ਬੰਦ ਕਰੇ ਅਤੇ ਸੇਵਾਵਾਂ ਦੇਣ ਤੋਂ ਬਾਜ਼ ਆਏ, ਜਿਹੜੀਆਂ ਸੇਵਾਵਾਂ ਮੈਡੀਸੀਨ ਦੀ ਪ੍ਰੈਕਟਿਸ ਦੇ ਖੇਤਰ ਅਧੀਨ ਆਉਂਦੀਆਂ ਹਨ ਅਤੇ/ਜਾਂ ਉਨ੍ਹਾਂ ਖਿਤਾਬਾਂ (ਟਾਈਟਲਜ਼) ਦੀ ਵਰਤੋਂ ਕਰਨਾ ਬੰਦ ਕਰੇ ਜਿਹੜੇ ਕਾਲਜ ਨਾਲ ਰਜਿਸਟਰਾਂ ਲਈ ਰੀਜ਼ਰਵ ਹਨ।

ਵਾਅਦਾ

- ਕਾਲਜ ਇਹ ਮੰਗ ਕਰ ਸਕਦਾ ਹੈ ਕਿ ਲਾਇਸੰਸ-ਰਹਿਤ ਪ੍ਰੈਕਟੀਸ਼ਨਰ, ਵਾਅਦਾ (ਅੰਡਰਟੇਕਿੰਗ) ਕਰਕੇ, ਮੈਡੀਸੀਨ ਦੀ ਗੈਰਕਾਨੂੰਨੀ ਪ੍ਰੈਕਟਿਸ ਕਰਨਾ ਅਤੇ/ਜਾਂ ਰੀਜ਼ਰਵ ਖਿਤਾਬ ਵਰਤਣਾ ਬੰਦ ਕਰੇ ਅਤੇ ਇਹ ਵਾਅਦਾ ਕਾਨੂੰਨੀ ਤੌਰ ’ਤੇ ਲਾਗੂ ਹੋਣ ਵਾਲਾ ਇਕ ਦਸਤਾਵੇਜ਼ ਹੁੰਦਾ ਹੈ।

ਤਲਾਸ਼ੀ ਅਤੇ ਕਬਜ਼ਾ

- ਕਾਲਜ ਇਕ ਅਜਿਹਾ ਆਰਡਰ ਲੈਣ ਲਈ ਸੁਪਰੀਮ ਕੋਰਟ ਕੋਲ ਅਪਲਾਈ ਕਰ ਸਕਦਾ ਹੈ ਜਿਹੜਾ ਕਾਲਜ ਦੇ ਇਨਵੈਸਟੀਗੇਟਰ ਅਤੇ/ਜਾਂ ਕੌਨਟਰੈਕਟਰ ਨੂੰ ਸ਼ੱਕੀ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਦੀ ਪ੍ਰਾਪਰਟੀ ਦੀ ਤਲਾਸ਼ੀ ਕਰਨ ਅਤੇ ਅਗਾਂਹ ਹੋਰ ਪੜਤਾਲ ਲਈ ਉਸ ਦੇ ਰਿਕਾਰਡ ਅਤੇ ਹੋਰ ਚੀਜ਼ਾਂ ਜ਼ਬਤ ਕਰਨ ਦੀ ਆਗਿਆ ਦਿੰਦਾ ਹੈ।

ਪੱਕੀ ਮਨਾਹੀ ਦਾ ਹੁਕਮ

- ਕਿਸੇ ਵਿਅਕਤੀ ਨੂੰ ਮੈਡੀਸੀਨ ਦੀ ਪ੍ਰੈਕਟਿਸ ਕਰਨ, ਜਾਂ ਕਾਲਜ ਨਾਲ ਰਜਿਸਟਰਸ਼ੁਦਾ ਹੋਣ ਦਾ ਦਿਖਾਵਾ ਕਰਨ ਤੋਂ ਰੋਕਣ ਲਈ ਮਨਾਹੀ ਦਾ ਹੁਕਮ ਲੈਣ ਲਈ ਕਾਲਜ ਸੁਪਰੀਮ ਕੋਰਟ ਕੋਲ ਅਪਲਾਈ ਕਰ ਸਕਦਾ ਹੈ। ਕਾਲਜ ਨੇ ਅੱਗੇ ਲਿਖੇ ਮਾਮਲਿਆਂ ਵਿਚ ਪੱਕੀ ਮਨਾਹੀ ਦੇ ਹੁਕਮ ਦਿੱਤੇ ਹਨ:
    - ਜ਼ੂਓ (ਸਬਰੀਨਾ) ਲੀ ਅਤੇ ਸਬਰੀਨਾ ਪਰਮਾਨੈਂਟ ਮੇਕ-ਅੱਪ ਸਟੂਡੀਓ ਇੰਕ
    - ਮੋਬਾਇਲ ਲਾਈਫ ਇਮੇਜਿੰਗ ਐੱਲ ਐੱਲ ਸੀ
    - ਅਨੀਤਾ ਫੋਫੀ ਅਤੇ ਡਰਮਿਕਸ ਇੰਸਟੀਚਿਊਟ ਔਫ ਐਸਥੈਟਿਕ ਮੈਡੀਸੀਨ

## ਕਾਲਜ ਕੀ ਨਹੀਂ ਕਰ ਸਕਦਾ

ਕਾਲਜ ਕੋਲ ਕੋਰਟ ਆਰਡਰ ਲਏ ਬਿਨਾਂ ਕਿਸੇ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਨੂੰ ਗੈਰਕਾਨੂੰਨੀ ਸਰਗਰਮੀ ਤੋਂ ਰੋਕਣ ਅਤੇ ਵਰਜਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਤੋਂ ਇਲਾਵਾ, ਕਾਲਜ ਗਾਹਕ ਦੀ ਤਰਫੋਂ ਮਾਇਕ ਮੁਆਵਜ਼ੇ ਦਾ ਆਦੇਸ਼ ਨਹੀਂ ਦੇ ਸਕਦਾ ਜਾਂ ਇਸ ’ਤੇ ਅਸਰ ਨਹੀਂ ਪਾ ਸਕਦਾ ਜਦੋਂ ਸੇਵਾਵਾਂ ਲਈ ਪੈਸੇ ਦਿੱਤੇ ਗਏ ਹਨ, ਅਤੇ ਨਾ ਹੀ ਕਾਲਜ ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਨੂੰ ਇਹ ਹੁਕਮ ਦੇ ਸਕਦਾ ਹੈ ਕਿ ਉਹ ਹੋਏ ਨੁਕਸਾਨ ਦਾ ਗਾਹਕਾਂ ਨੂੰ ਮੁਆਵਜ਼ਾ ਦੇਵੇ।

ਕਾਲਜ ਨੁਕਸਾਨ ਦੀ ਮਾਰ ਹੇਠ ਆਏ ਗਾਹਕਾਂ ਨੂੰ ਲਾਇਸੰਸ-ਰਹਿਤ ਪ੍ਰੈਕਟੀਸ਼ਨਰਾਂ ਦੀ ਤਰਫੋਂ ਮੁਆਵਜ਼ਾ ਨਹੀਂ ਦੇ ਸਕਦਾ। ਨੁਕਸਾਨ ਦੀ ਮਾਰ ਹੇਠ ਆਏ ਗਾਹਕ, ਲਾਇਸੰਸ-ਰਹਿਤ ਪ੍ਰੈਕਟੀਸ਼ਨਰ ਤੋਂ ਸਿਵਲ ਮੁਕੱਦਮੇ ਰਾਹੀਂ ਕੋਈ ਹੀਲਾ ਕਰਨਾ ਚਾਹੁੰਦੇ ਹੋ ਸਕਦੇ ਹਨ।

ਭਾਵੇਂ ਕਿ ਕਾਲਜ, ਗਾਹਕ ਦੀ ਤਰਫੋਂ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਉਣ ਦੇ ਅਸਮਰਥ ਹੈ ਜਿੱਥੇ ਗੈਰਕਾਨੂੰਨੀ ਸਰਗਰਮੀਆਂ ਦੀ ਸ਼ੱਕ ਹੁੰਦੀ ਹੈ, ਫਿਰ ਵੀ ਜਦੋਂ ਲੋੜ ਹੋਵੇ ਕਾਲਜ ਅਗਾਂਹ ਹੋਰ ਕਾਰਵਾਈ ਲਈ ਮਾਮਲੇ ਦੀ ਪੁਲੀਸ ਕੋਲ ਰਿਪੋਰਟ ਕਰ ਸਕਦਾ ਹੈ।

## ਗੈਰਕਾਨੂੰਨੀ ਪ੍ਰੈਕਟਿਸ ਸੰਬੰਧੀ ਫਿਕਰਾਂ ਦੀ ਰਿਪੋਰਟ ਕਿਵੇਂ ਕਰਨੀ ਹੈ

ਇਹ ਫਿਕਰ ਕਿ ਕੋਈ ਵਿਅਕਤੀ ਮੈਡੀਸੀਨ ਦੀ ਗੈਰਕਾਨੂੰਨੀ ਪ੍ਰੈਕਟਿਸ ਕਰਦਾ ਹੋ ਸਕਦਾ ਹੈ, ਗੁਪਤ ਤਰੀਕੇ ਨਾਲ 604-733-7758 (ਟੋਲ ਫ੍ਰੀ 1-800-461-3008) ’ਤੇ ਫੋਨ ਕਰਕੇ ਕਾਲਜ ਦੇ ਧਿਆਨ ਵਿਚ ਲਿਆਂਦਾ ਜਾ ਸਕਦਾ ਹੈ ਜਾਂ ਅਜਿਹਾ ਕੌਨਟੈਕਟ ਅੱਸ ਸੈਕਸ਼ਨ ਵਿਚ ਔਨਲਾਈਨ ਫਾਰਮ ਭਰਕੇ ਕੀਤਾ ਜਾ ਸਕਦਾ ਹੈ। ਇਸ ਦੇ ਬਦਲ ਵਜੋਂ, ਭਰੀ ਹੋਈ ਅਨਲਾਅਫੁੱਲ ਪ੍ਰੈਕਟਿਸ ਔਫ ਮੈਡੀਸੀਨ ਰਿਪੋਰਟ ਜਾਂ ਚਿੱਠੀ ਕਾਲਜ ਨੂੰ ਇਸ ਤਰ੍ਹਾਂ ਭੇਜੀ ਜਾ ਸਕਦੀ ਹੈ:

- ਫੈਕਸ 604-733-3503
- ਡਾਕ ਰਾਹੀਂ:

  Investigations Department
  College of Physicians and Surgeons of BC
  300-669 Howe Street
  Vancouver BC  V6C 0B4
  Canada

ਨੋਟ: ਕੁਝ ਮੈਡੀਕਲ ਸੇਵਾਵਾਂ, ਅਪਰੇਸ਼ਨ ਜਾਂ ਇਲਾਜ ਹੋਰ ਸਿਹਤ ਮਾਹਰਾਂ ਵਲੋਂ ਕੀਤੇ ਜਾ ਸਕਦੇ ਹਨ ਜਿਹੜੇ *ਹੈਲਥ ਪ੍ਰੋਫੈਸ਼ਨਜ਼ ਐਕਟ* ਅਧੀਨ ਹੋਰ ਕਾਲਜਾਂ ਵਲੋਂ ਨਿਯਮਬੱਧ ਹਨ, ਜਿਵੇਂ ਕਿ ਦੰਦਾਂ ਦੇ ਡਾਕਟਰ, ਨੈਚਰੋਪੈਥਿਕ ਡਾਕਟਰ, ਪੈਰਾਂ ਦੀਆਂ ਬੀਮਾਰੀਆਂ ਦੇ ਡਾਕਟਰ ਅਤੇ ਰਜਿਸਟਰਿਡ ਨਰਸਾਂ। ਇਸ ਚੀਜ਼ ਬਾਰੇ ਜ਼ਿਆਦਾ ਜਾਣਨ ਲਈ ਕਿ ਇਨ੍ਹਾਂ ਸਿਹਤ ਮਾਹਰਾਂ ਨੂੰ ਕੀ ਕਰਨ ਦਾ ਅਧਿਕਾਰ ਹੈ, ਜਾਂ ਇਨ੍ਹਾਂ ਕਿੱਤਿਆਂ ਨੂੰ ਨਿਯਮਬੱਧ ਕਰਨ ਵਾਲੀ ਕਾਨੂੰਨੀ ਸੰਸਥਾ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਲੈਣ ਲਈ www.bchealthregulators.ca ’ਤੇ ਜਾਉ। ਜੇ ਇਸ ਚੀਜ਼ ਬਾਰੇ ਕੋਈ ਸ਼ੱਕ ਹੋਵੇ ਕਿ ਕੀ ਕੋਈ ਵਿਅਕਤੀ ਨਿਯਮਬੱਧ ਹੈ ਜਾਂ ਨਹੀਂ ਤਾਂ ਲੋਕਾਂ ਨੂੰ ਬੇਝਿਜਕ ਸਿਹਤ ਮਾਹਰ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਲਾਇਸੰਸਸ਼ੁਦਾ ਅਤੇ *ਹੈਲਥ ਪ੍ਰੋਫੈਸ਼ਨਜ਼ ਐਕਟ* ਹੇਠ ਰਜਿਸਟਰ ਹੈ ਜਾਂ ਨਹੀਂ। ਉਹ ਤਜਵੀਜ਼ਸ਼ੁਦਾ ਇਲਾਜ ਜਾਂ ਤਰੀਕੇ ਬਾਰੇ ਪਤਾ ਲਾਉਣ ਲਈ ਉਸ ਸਿਹਤ ਮਾਹਰ ਦੀ ਲਾਇਸੰਸ ਦੇਣ ਵਾਲੀ ਅਥਾਰਟੀ ਨਾਲ ਵੀ ਸੰਪਰਕ ਕਰ ਸਕਦੇ ਹਨ ਅਤੇ ਇਹ ਪਤਾ ਲਾ ਸਕਦੇ ਹਨ ਕਿ ਕੀ ਉਸ ਸਿਹਤ ਮਾਹਰ ਲਈ ਉਹ ਇਲਾਜ ਕਰਨਾ ਜਾਂ ਤਰੀਕਾ ਵਰਤਣਾ ਵਾਜਬ ਹੈ ਜਾਂ ਨਹੀਂ।

## ਆਮ ਪੁੱਛੇ ਜਾਂਦੇ ਸਵਾਲ

### ਮਰੀਜ਼ ਇਹ ਕਿਵੇਂ ਪੱਕਾ ਕਰ ਸਕਦੇ ਹਨ ਕਿ ਕੋਈ ਡਾਕਟਰ ਬੀ ਸੀ ਵਿਚ ਮੈਡੀਸੀਨ ਦੀ ਪ੍ਰੈਕਟਿਸ ਕਰਨ ਲਈ ਲਾਇਸੰਸਸ਼ੁਦਾ ਹੈ?

ਮਰੀਜ਼ ਇਹ ਪੱਕਾ ਕਰਨ ਲਈ ਕਾਲਜ ਦੀ ਡਾਕਟਰਾਂ ਦੀ ਡਾਇਰੈਕਟਰੀ ਵਰਤ ਸਕਦੇ ਹਨ ਕਿ ਕੀ ਕੋਈ ਪ੍ਰੈਕਟੀਸ਼ਨਰ ਬ੍ਰਿਟਿਸ਼ ਕੋਲੰਬੀਆ ਵਿਚ ਰਜਿਸਟਰ ਅਤੇ ਲਾਇਸੰਸਸ਼ੁਦਾ ਹੈ ਜਾਂ ਨਹੀਂ। ਮਰੀਜ਼ ਕਾਲਜ ਨਾਲ ਫੋਨ ਜਾਂ ਈਮੇਲ ਰਾਹੀਂ ਵੀ ਸੰਪਰਕ ਕਰ ਸਕਦੇ ਹਨ।

### ਬੀ ਸੀ ਵਿਚ ਮੈਡੀਸੀਨ ਦੀ ਪ੍ਰੈਕਟਿਸ ਕਰਨ ਦੀ ਕਿਸ ਨੂੰ ਆਗਿਆ ਹੈ?

ਕਾਲਜ ਔਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਔਫ ਬੀ ਸੀ ਨਾਲ ਰਜਿਸਟਰ ਅਤੇ ਲਾਇਸੰਸਸ਼ੁਦਾ ਵਿਅਕਤੀ ਹੀ ਸੂਬੇ ਵਿਚ ਮੈਡੀਸੀਨ ਦੀ ਪ੍ਰੈਕਟਿਸ ਕਰ ਸਕਦੇ ਹਨ।

### "ਡਾਕਟਰ" ਦਾ ਖਿਤਾਬ ਅਤੇ ਇਸ ਦੇ ਛੋਟੇ ਰੂਪ ਵਰਤਣ ਲਈ ਕੌਣ ਯੋਗ ਹੈ?

ਕਾਨੂੰਨ ਮੁਤਾਬਕ ਸਿਰਫ ਕਾਲਜ ਨਾਲ ਰਜਿਸਟਰ ਵਿਅਕਤੀਆਂ ਨੂੰ ਹੀ "ਡਾਕਟਰ" ਦਾ ਖਿਤਾਬ ਵਰਤਣ ਦੀ ਆਗਿਆ ਹੈ ਪਰ ਇਸ ਵਿਚ ਕੁਝ ਯਾਦ ਰੱਖਣ ਯੋਗ ਛੋਟਾਂ ਹਨ: ਕੁਝ ਹੋਰ ਖਾਸ ਨਿਯਮਬੱਧ ਸਿਹਤ ਕਿੱਤਿਆਂ ਦੇ ਮੈਂਬਰ (ਜਿਵੇਂ ਦੰਦਾਂ ਦੇ ਡਾਕਟਰ, ਨੈਚਰੋਪਾਥ, ਕੈਰੋਪਰੈਕਟਰ), ਅਤੇ ਉਹ ਵਿਅਕਤੀ ਜਿਨ੍ਹਾਂ ਕੋਲ ਢੁਕਵੀਂ ਅਕਾਦਮਿਕ ਜਾਂ ਵਿਦਿਅਕ ਉਪਾਧੀ ਹੈ (ਜਿਵੇਂ ਪੀ ਐੱਚ ਡੀ)। ਬੀ ਸੀ ਦੀ ਸੁਪਰੀਮ ਕੋਰਟ ਨੇ ਪਹਿਲਾਂ ਦੇ ਇਕ ਫੈਸਲੇ ਵਿਚ ਕਿਹਾ ਹੋਇਆ ਹੈ ਕਿ ਇੱਥੋਂ ਤੱਕ ਕਿ ਮੈਡੀਕਲ ਦੀ ਟਰੇਨਿੰਗ ਅਤੇ ਡਿਗਰੀਆਂ ਵਾਲੇ ਵਿਅਕਤੀ ਉਨ੍ਹਾਂ ਹਾਲਤਾਂ ਵਿਚ ਆਪਣੇ ਆਪ ਨੂੰ "ਡਾਕਟਰ" ਨਹੀਂ ਕਹਿ ਸਕਦੇ ਜਿੱਥੇ ਉਹ ਜ਼ਾਹਰ ਕਰ ਰਹੇ ਹਨ ਜਾਂ ਸੰਕੇਤ ਦੇ ਰਹੇ ਹਨ ਕਿ ਉਹ ਕਾਲਜ ਦੇ ਰਜਿਸਟਰਾਂਟ ਹਨ।

### ਕੀ ਐਸਥੇਟੀਸ਼ਨ ਜਾਂ ਮੈਡੀਕਲ ਔਫਿਸ ਅਸਿਸਟੈਂਟ ਬੋਟੌਕਸ ਅਤੇ/ਜਾਂ ਡਰਮਲ ਫਿਲਰਜ਼ ਲਗਾ ਸਕਦੀ/ਸਕਦਾ ਹੈ?

ਨਹੀਂ। ਸਿਰਫ ਉਨ੍ਹਾਂ ਸਿਹਤ ਮਾਹਰਾਂ ਨੂੰ ਬੋਟੌਕਸ ਅਤੇ/ਜਾਂ ਡਰਮਲ ਫਿਲਰਜ਼ ਦਾ ਟੀਕਾ ਲਗਾਉਣ ਦਾ ਅਧਿਕਾਰ ਹੈ ਜਿਹੜੇ ਲਾਇਸੰਸਸ਼ੁਦਾ ਅਤੇ ਰਜਿਸਟਰ ਹਨ ਅਤੇ ਪ੍ਰੈਕਟਿਸ ਦੇ ਆਪਣੇ ਖੇਤਰ ਅਧੀਨ ਹੱਕਦਾਰ ਹਨ। ਐਸਥੇਟੀਸ਼ਨਜ਼ ਅਤੇ ਹੋਰ ਗੈਰ-ਨਿਯਮਬੱਧ ਲੋਕਾਂ ਨੂੰ ਬੋਟੌਕਸ ਵਰਗੀਆਂ ਦਵਾਈਆਂ ਦਾ ਟੀਕਾ ਲਾਉਣ ਦਾ ਅਧਿਕਾਰ ਨਹੀਂ ਹੈ, ਭਾਵੇਂ ਉਨ੍ਹਾਂ ਨੇ ਕਿਸੇ "ਮੈਡੀਕਲ ਐਸਥੈਟਿਕ" ਇੰਸਟੀਚਿਊਟ ਜਾਂ ਅਕੈਡਮੀ ਤੋਂ ਕੋਈ ਟਰੇਨਿੰਗ ਜਾਂ ਸਿੱਖਿਆ ਲਈ ਵੀ ਹੋਵੇ।

### ਕੀ ਕੋਈ ਰਜਿਸਟਰਡ ਨਰਸ ਜਾਂ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਬੋਟੌਕਸ ਅਤੇ/ਜਾਂ ਡਰਮਲ ਫਿਲਰਜ਼ ਲਗਾ ਸਕਦੀ ਹੈ?

ਹਾਂ, ਖਾਸ ਹਾਲਤਾਂ ਹੇਠ। ਕਿਸੇ ਰਜਿਸਟਰਡ ਅਤੇ ਲਾਇਸੰਸਸ਼ੁਦਾ ਡਾਕਟਰ ਵਲੋਂ ਪਹਿਲਾਂ ਮਰੀਜ਼ ਨੂੰ ਦੇਖਿਆ ਜਾਣਾ ਜ਼ਰੂਰੀ ਹੈ ਅਤੇ ਉਹ ਕਿਸੇ ਨਰਸ ਜਾਂ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਨੂੰ ਟੀਕਾ ਲਗਾਉਣ ਲਈ ਕਹਿ ਸਕਦਾ ਹੈ। ਟੀਕਾ ਲੱਗਣ ਦੇ ਸਮੇਂ ਡਾਕਟਰ ਦਾ ਉਸ ਸਥਾਨ 'ਤੇ ਮੌਜੂਦ ਹੋਣਾ ਜ਼ਰੂਰੀ ਹੈ।

### ਕੀ ਕੋਈ ਵਿਅਕਤੀ ਕਿਸੇ ਲਸੰਸ-ਰਹਿਤ ਪ੍ਰੈਕਟੀਸ਼ਨਰ ਬਾਰੇ ਕਾਲਜ ਕੋਲ ਗੁਪਤ ਸ਼ਿਕਾਇਤ ਕਰ ਸਕਦਾ ਹੈ?

ਹਾਂ। ਸ਼ਿਕਾਇਤਾਂ ਪੂਰੇ ਵੇਰਵੇ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਵਿਚ ਕਾਫ਼ੀ ਮਾਤਰਾ ਵਿਚ ਵੇਰਵਾ ਹੋਣਾ ਚਾਹੀਦਾ ਹੈ ਤਾਂ ਜੋ ਕਾਲਜ ਇਲਜ਼ਾਮਾਂ ਦੀ ਪੜਤਾਲ ਕਰ ਸਕੇ। ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਆਪਣੇ ਬਾਰੇ ਵੇਰਵਾ ਦੇਣ ਦੀ ਲੋੜ ਨਹੀਂ ਹੈ।